**16TH VIDHAN SABHA**
**FIRST SESSION**

ਪੰਜਾਬ ਵਿਧਾਨ ਸਭਾ ਸਕੱਤਰੇਤ
(ਵਿਧਾਨ ਸ਼ਾਖਾ)
ਨੰ: 19-ਐਲ.ਏ.2022/ 3049

ਵੱਲੋਂ

ਸੁਰਿੰਦਰ ਪਾਲ,
ਸਕੱਤਰ।

ਸੇਵਾ ਵਿਚ

ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ।

ਮਿਤੀ ਚੰਡੀਗੜ੍ਹ, 15 ਮਾਰਚ, 2022

**ਵਿਸ਼ਾ:-** **16ਵੀਂ ਪੰਜਾਬ ਵਿਧਾਨ ਸਭਾ ਦਾ ਪਹਿਲਾ ਸਮਾਗਮ- ਮੈਂਬਰਾਂ ਦੁਆਰਾ ਸਹੁੰ / ਪ੍ਰਤਿਗਿਆ।**

ਸ਼੍ਰੀਮਾਨ / ਸ਼੍ਰੀਮਤੀ ਜੀ,

ਮੈਨੂੰ ਆਪ ਜੀ ਨੂੰ ਇਹ ਸੂਚਨਾ ਦੇਣ ਦਾ ਮਾਣ ਪ੍ਰਾਪਤ ਹੋਇਆ ਹੈ ਕਿ ਨਵੇਂ ਚੁਣੇ ਗਏ ਮੈਂਬਰ 16ਵੀਂ ਪੰਜਾਬ ਵਿਧਾਨ ਸਭਾ ਦੇ ਪਹਿਲੇ ਸਮਾਗਮ ਦੌਰਾਨ ਸੰਵਿਧਾਨ ਦੇ ਅਨੁਛੇਦ 188 ਅਧੀਨ ਇਸ ਸਬੰਧ ਵਿੱਚ ਰਾਜਪਾਲ ਦੁਆਰਾ ਨਿਯੁਕਤ ਕੀਤੇ ਗਏ ਵਿਅਕਤੀ ਦੇ ਸਾਹਮਣੇ ਸਹੁੰ ਚੁਕੱਣਗੇ ਜਾਂ ਪ੍ਰਤਿਗਿਆ ਕਰਨਗੇ ਅਤੇ ਹੇਠ ਲਿਖੀ ਕਾਰਜ ਵਿਧੀ ਅਨੁਸਾਰ ਕਾਰਵਾਈ ਕੀਤੀ ਜਾਵੇਗੀ:-

1. ਪਹਿਲਾਂ ਮੁੱਖ ਮੰਤਰੀ, ਫਿਰ ਲੇਡੀ ਮੈਂਬਰਜ਼ ਸਹੁੰ ਚੁਕਣਗੇ। ਉਸਤੋਂ ਬਾਅਦ ਹੋਰ ਮੈਂਬਰਾਂ ਨੂੰ ਜ਼ਿਲ੍ਹੇਵਾਰ ਅੱਖਰਾਂ ਦੇ ਕ੍ਰਮਵਾਰ ਸਹੁੰ ਚੁਕਾਈ ਜਾਵੇਗੀ।
2. ਸਕੱਤਰ ਦੁਆਰਾ ਮੈਂਬਰ ਦਾ ਨਾਂ ਪੁਕਾਰੇ ਜਾਣ ਤੇ ਉਹ ਆਪਣੀ ਥਾਂ ਤੋਂ ਸਕੱਤਰ ਦੀ ਮੇਜ਼ ਕੋਲ ਆ ਜਾਵੇਗਾ ਜਿਥੇ ਉਸਨੂੰ ਸਹੁੰ/ਪ੍ਰਤਿਗਿਆ ਦਾ ਫਾਰਮ ਦਿੱਤਾ ਜਾਵੇਗਾ। ਫਿਰ ਮੈਂਬਰ ਚੇਅਰ ਦੇ ਕੋਲ ਜਾਵੇਗਾ ਅਤੇ ਚੇਅਰ ਵਲ ਮੂੰਹ ਕਰਕੇ ਸਹੁੰ ਚੁਕੇਗਾ/ਪ੍ਰਤਿਗਿਆ ਕਰੇਗਾ ਅਤੇ ਫਿਰ ਪ੍ਰਧਾਨਗੀ ਕਰ ਰਹੇ ਵਿਅਕਤੀ ਨਾਲ ਹੱਥ ਮਿਲਾਏਗਾ ਜਾਂ ਉਸਨੂੰ ਨਮਸਕਾਰ ਕਰੇਗਾ। ਉਸ ਤੋਂ ਬਾਅਦ ਮੈਂਬਰ ਪੌੜੀਆਂ ਉਤਰ ਕੇ ਥੱਲੇ ਆਵੇਗਾ ਅਤੇ ਸਹੁੰ/ਪ੍ਰਤਿਗਿਆ ਦੇ ਫਾਰਮ ਅਤੇ ਮੈਂਬਰਾਂ ਦੇ ਰਜਿਸਟਰ ਵਿਚ ਦਸਤਖਤ ਕਰੇਗਾ। ਇਸ ਉਪਰੰਤ ਉਹ ਆਪਣੀ ਥਾਂ ਤੇ ਜਾ ਕੇ ਬੈਠ ਜਾਵੇਗਾ।

2. ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਫਾਰਮ 22 ਵਿਚ ਆਪਣੀ ਚੋਣ ਦਾ ਸਰਟੀਫਿਕੇਟ, ਜੋ ਚੋਣ ਸੰਚਾਲਣ ਨਿਯਮਾਵਲੀ, 1961 ਦੇ ਨਿਯਮ 66 ਅਧੀਨ ਰੀਟਰਨਿੰਗ ਅਫਸਰ ਵੱਲੋਂ ਆਪ ਜੀ ਨੂੰ ਦਿੱਤਾ ਗਿਆ ਹੈ, ਜ਼ਰੂਰ ਆਪਣੇ ਨਾਲ ਲਿਆਉਣ ਦੀ ਕ੍ਰਿਪਾਲਤਾ ਕਰਨਾ ਅਤੇ ਸਹੁੰ ਜਾਂ ਪ੍ਰਤਿਗਿਆ ਤੋਂ ਪਹਿਲਾਂ ਸ਼ਨਾਖਤ ਲਈ ਸਕੱਤਰ ਨੂੰ ਦੇਣਾ। ਇਹ ਚੋਣ ਸਰਟੀਫਿਕੇਟ ਹੱਥ ਦਸਤੀ ਹੋਣਾ ਚਾਹੀਦਾ ਹੈ ਤਾਂ ਜੋ ਲੋੜ ਪੈਣ ਤੇ ਦਿਖਾਇਆ ਜਾ ਸਕੇ।

(I have the honour to inform you that during the First Session of the 16th Punjab Vidhan Sabha, the newly elected Members will make and subscribe an Oath or Affirmation before the person appointed by the Governor in this behalf under Article 188 of the Constitution and the following procedure will be followed:-

1. The Chief Minister and the lady Members will come next. Thereafter the other Members will be sworn in district-wise in the alphabetical order.

ਪਰਤੋ ਜੀ.....

2. On the name of a Member being called by the Secretary, he / she will proceed from the place he / she is occupying to the Secretary's Table where a copy of the form of Oath / Affirmation will be handed over to him / her. The Member will then go up to the Chair and make the Oath / Affirmation facing the Chair and then shake hands with or wish the person in the Chair. Thereafter the Member will come down the stairs and sign the form of Oath / Affirmation and the Roll of Members. After that he / she will take his / her seat.

2. I am to request you to bring alongwith you, without fail, the Certificate of your election granted to you in Form 22 by the Returning Officer under Rule 66 of the Conduct of Election Rules, 1961 and hand over the same to the Secretary for purposes of identification before making the Oath or Affirmation. The Certificate of Election should be handy so that the same may be produced on requirement.

ਵਿਸ਼ਵਾਸਪਾਤਰ,

ਸਕੱਤਰ।

ਨੰ: 19-ਐਲ.ਏ.-2022/ 3050, ਮਿਤੀ ਚੰਡੀਗੜ੍ਹ, 15 ਮਾਰਚ, 2022

ਕਾਪੀ, ਚਾਰ ਵਾਧੂ ਕਾਪੀਆਂ ਸਹਿਤ, ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸੰਸਦੀ ਕਾਜ ਵਿਭਾਗ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਮਿਤ੍ਰ ਮੋਹਨ
ਅਧੀਨ ਸਕੱਤਰ,
ਵਾਸਤੇ ਸਕੱਤਰ।